| FIND VERBS ONLY | FIND PRONOUNS ONLY |
|---|---|
| ਟਾਹਲੀ 'ਤੇ ਇੱਕ ਕਾਂ **ਰਹਿੰਦਾ** ਸੀ। _ EXAMPLE | **ਮੱਛੀ ਨੇ ਕਈ ਵਾਰ ਕਾਂ ਨੂੰ ਕਿਹਾ ਸੀ** |
| | |
| ਕਾਂ ਛੱਪੜ ਦੇ ਸਾਫ਼ ਪਾਣੀ ਨੂੰ ਗੰਦਾ ਕਰਦਾ ਰਹਿੰਦਾ ਸੀ। | **ਅਸੀਂ ਛੱਪੜਾਂ ਦਾ ਪਾਣੀ ਨਹੀਂ ਪੀਂਦੇ** |
| | |
| ਕਾਂ ਖਾਣ ਵਾਲੀਆਂ ਚੀਜ਼ਾਂ ਪੋਲੀਥੀਨ ਵਿੱਚ ਪਾ ਕੇ ਲਿਆਉਂਦਾ ਸੀ | **ਉਹ ਮੱਛੀ ਨੂੰ ਪਿਆਸੇ ਕਾਂ ਵਾਲੀ ਕਹਾਣੀ ਸਣਾਉਣ ਲੱਗ ਜਾਂਦਾ।** |
| | |
| ਖ਼ਾਲੀ ਲਿਫ਼ਾਫ਼ਾ ਛੱਪੜ ਵਿੱਚ ਸੁੱਟ ਦਿੰਦਾ ਸੀ। | **ਉਸ ਦੇ ਬਜ਼ੁਰਗਾਂ ਨੇ ਪਾਣੀ ਦਾ ਕਾਲ ਪੈਣ ਦੇ ਬਾਵਜੂਦ ਆਪਣੀ ਸੂਝ ਨਾਲ ਪਾਣੀ** |
| | |
| ਛੱਪੜ ਵਿੱਚ ਰਹਿਣ ਵਾਲੀ ਮੱਛੀ ਬਹੁਤ ਦੁਖੀ ਸੀ। | **ਗੰਦੇ ਪਾਣੀ ਵਿੱਚ ਰਹਿਣ ਕਰਕੇ ਮੱਛੀ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗ ਗਈਆਂ ਸਨ।** |
| | |
| ਇੱਕ ਪਾਣੀ ਵਾਲੀ ਟੈਂਕੀ ਬਣੀ ਹੋਈ ਸੀ। | **ਹੁਣ ਤਾਂ ਮੈਨੂੰ ਪਾਣੀ 'ਚ ਵੱਟੇ ਪਾਉਣ ਦੀ ਵੀ ਲੋੜ ਨਹੀਂ ਪੈਣੀ।** |
| | |
| ਉਸ ਟੈਂਕੀ ਵਿੱਚੋਂ ਸਾਫ਼ ਪਾਣੀ ਪੀਂਦਾ ਸੀ | **ਕਾਂ ਨੇ ਆਪਣੀਆਂ ਆਦਤਾਂ ਨਹੀਂ ਬਦਲੀਆਂ ਸਨ। ਉਹ ਅਜੇ ਵੀ ਛੱਪੜ ਦੇ ਪਾਣੀ ਨੂੰ ਗੰਦਾ ਕਰੀ ਜਾਂਦਾ ਸੀ।** |
| | |
| ਪਾਣੀ ਵਿੱਚ ਰਹਿਣਾ ਮੁਸ਼ਕਲ ਹੁੰਦਾ ਜਾ ਰਿਹਾ ਸੀ। | **ਸ਼ਾਇਦ ਮੇਰੀ ਚੁੰਝ ਪਾਣੀ ਤਕ ਨਾ ਪਹੁੰਚੇ।'** |
| | |
| ਮੱਛੀ ਵਾਰ-ਵਾਰ ਕਾਂ ਨੂੰ ਸਮਝਾਉਂਦੀ | **ਕਾਂ ਨੂੰ ਯਾਦ ਆਇਆ ਕਿ ਜਦੋਂ ਉਸ ਦੇ ਬਜ਼ੁਰਗਾਂ ਦੇ ਵੇਲੇ ਪਾਣੀ ਦਾ ਕਾਲ ਪਿਆ ਸੀ ਤਾਂ ਉਨ੍ਹਾਂ ਨੂੰ ਪਿਆਸ** |
| | |
| ਉਹ ਕਿਸੇ ਦੀ ਨਹੀਂ ਮੰਨਦਾ ਸੀ। | **ਕਾਂ ਵੀ ਕਿਸੇ ਬਾਗ਼ ਦੀ ਤਲਾਸ਼ ਵਿੱਚ ਉੱਡ ਪਿਆ।** |
| | |
| ਇਸ ਕਰਕੇ ਕਾਂ ਬਾਗ਼ ਵਿੱਚ ਇਧਰ-ਉਧਰ ਚੱਕਰ ਲਾਉਣ ਲੱਗਿਆ ਪਰ ਉਸ ਨੂੰ ਕਿਧਰੋਂ | **ਪਾਣੀ ਬਿਨਾਂ ਉਸ ਦਾ ਬੁਰਾ ਹਾਲ ਹੁੰਦਾ ਜਾ ਰਿਹਾ ਸੀ।** |
| | |
| ਇਸ ਵਿੱਚੋਂ ਪਾਈਪ ਨਾਲ ਵੀ ਪਾਣੀ ਨਹੀਂ ਖਿੱਚ ਸਕਦਾ ਸੀ। | **ਸਿਆਣੇ ਲੋਕ ਆਪਣੀ ਲੋੜ ਲਈ ਪਾਣੀ ਸੰਭਾਲ ਕੇ ਰੱਖਦੇ ਹਨ।** |
| | |
| ਉਸ ਵਰਗੇ ਮੂਰਖ ਭਟਕਦੇ ਹਨ। | **ਉਹ ਵਾਪਸ ਆ ਗਿਆ** |
| | |
| ਅੱਜ ਕਿਵੇਂ ਗੰਦਾ ਪਾਣੀ ਪੀ ਰਿਹਾ ਏਂ? | **ਹੁਣ ਕਾਂ ਕੋਲ ਕੋਈ ਜਵਾਬ ਨਹੀਂ ਸੀ।** |
| | |
| ਕਾਂ ਨੇ ਮੱਛੀ ਤੋਂ ਮੁਆਫ਼ੀ ਮੰਗੀ | **ਅੱਗੇ ਤੋਂ ਪਾਣੀ ਨੂੰ ਗੰਦਾ ਨਾ ਕਰਨ ਦੀ ਸਹੁੰ ਖਾ ਲਈ।** |
| | |
| ਮੱਛੀ ਬਹੁਤ ਖ਼ੁਸ਼ ਸੀ। | |

(Home Work for VIRSA)

- Review History Questions 1 to 75

-Do the questions from Guru Arjan Dev Ji’s Sakhi.

-Paath Shri Japji Sahib Pauri 18,19.

## ਗੁਰੂ ਅਰਜਨ ਦੇਵ ਜੀ

ਗੁਰੂ ਅਰਜਨ ਦੇਵ ਜੀ ਸਾਡੇ ਪੰਜਵੇਂ ਗੁਰੂ ਸਨ। ਆਪ ਜੀ ਦਾ ਜਨਮ ਗੋਇੰਦਵਾਲ ਅੰਮ੍ਰਿਤਸਰ ਵਿਖੇ ਅਪ੍ਰੈਲ ੧੫, ੧੫੬੩ ਵਿੱਚ ਹੋਇਆ। ਆਪ ਜੀ ਦੇ ਪਿਤਾ ਜੀ ਗੁਰੂ ਰਾਮਦਾਸ ਜੀ ਅਤੇ ਮਾਤਾ ਜੀ ਬੀਬੀ ਭਾਨੀ ਜੀ ਸੀ। ਗੁਰੂ ਅਰਜਨ ਜੀ ਦਾ ਵਿਆਹ ਫਿਲੌਰ ਦੇ ਮਊ ਪਿੰਡ ਨਿਵਾਸੀ ਭਾਈ ਕ੍ਰਿਸ਼ਨ ਚੰਦ ਦੀ ਸਪੁਤ੍ਰੀ ਗੰਗਾ ਜੀ ਨਾਲ ਹੋਇਆ। ਆਪ ਜੀ ਦੇ ਘਰ ਇਕ ਪੁੱਤਰ ਗੁਰੂ ਹਰਿਗੋਬਿੰਦ ਜੀ ਨੇ ਜਨਮ ਲਿਆ।

ਗੁਰੂ ਅਰਜਨ ਜੀ ਦੇ ਪ੍ਰੇਮ, ਸੇਵਾ ਅਤੇ ਸਿਦਕ ਨਾਲ ਪ੍ਰਸੰਨ ਹੋ ਕੇ ਗੁਰੂ ਰਾਮਦਾਸ ਜੀ ਨੇ ਓਨ੍ਹਾਂ ਨੂੰ ਗੁਰਗੱਦੀ ਬਖਸ਼ੀ। ਇਸ ਗੱਲ ਤੇ ਆਪ ਜੀ ਦੇ ਵਡੇ ਭਰਾ ਬਾਬਾ ਪ੍ਰਿਥੀ ਚੰਦ ਨੇ ਬਹੁਤ ਰੋਸ ਅਤੇ ਵਿਰੋਧਤਾ ਕੀਤੀ। ਗੁਰਗੱਦੀ ਮਿਲਣ ਤੋਂ ਉਪਰੰਤ, ਆਪ ਜੀ ਨੇ ਰਾਮਦਾਸ ਸਰੋਵਰ ਪਕਿਆਂ ਕੀਤਾ, ਦਰਸ਼ਨੀ ਡੇਉਢੀ, ਗੁਰੂ ਬਾਜ਼ਾਰ, ਗੁਰੂ ਦੇ ਮਹੱਲ ਅਤੇ ਹੋਰ ਅਨੇਕਾਂ ਧਾਰਮਿਕ ਅਸਥਾਨ ਬਣਵਾਏ। ਇਸ ਤੋਂ ਬਾਦ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿਤਾ। ਇਸ ਦੀ ਨੀਂਹ ਰਖਣ ਲਈ ਆਪ ਜੀ ਨੇ ਇਕ ਮੁਸਲਮਾਨ ਪੀਰ ਮੀਆਂ ਮੀਰ ਜੀ ਨੂੰ ਖਾਸ ਤੌਰ ਤੇ ਲਾਹੋਰ ਤੋਂ ਸੱਦਿਆ। ਗੁਰੂ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਕਰਕੇ ਇਸਦੇ ਚਾਰੇ ਦਰਵਾਜ਼ੇ ਸੰਸਾਰ ਦੇ ਚੌਹਾਂ ਹੀ ਵਰਣਾਂ ਲਈ ਖੋਹਲ ਦਿਤੇ।

ਗੁਰੂ ਅਰਜਨ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਨ ਤੋਂ ਬਾਦ ਸਾਰੇ ਗੁਰੂਆਂ, ਭਗਤਾਂ ਅਤੇ ਹੋਰ ਮਹਾਪੁਰਖਾਂ ਦੀ ਬਾਣੀ ਇਕੱਠੀ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ ਭਾਈ ਗੁਰਦਾਸ ਜੀ ਤੋਂ ਤਿਆਰ ਕਰਵਾਈ। ਆਦਿ ਗ੍ਰੰਥ ਜੀ ਦੀ ਇਸ ਬੀੜ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰਕੇ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਸਾਜਿਆ। ਦੀਵਾਨ ਚੰਦੂ ਦਾ ਗੁਰੂ ਘਰ ਨਾਲ ਵੈਰ ਸੀ, ਅਤੇ ਉਸ ਦੀ ਸਾਜ਼ਿਸ ਨਾਲ ਗੁਰੂ ਅਰਜਨ ਦੇਵ ਜੀ ਨੂੰ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਲਾਹੋਰ ਬੁਲਾਕੇ ਕੈਦ ਕੀਤਾ ਅਤੇ ਜੁਰਮਾਨਾ ਲਾਇਆ। ਜਹਾਂਗੀਰ ਕਸ਼ਮੀਰ ਜਾਂਦੇ ਹੋਏ ਗੁਰੂ ਜੀ ਨੂੰ ਚੰਦੂ ਦੇ ਹਵਾਲੇ ਕਰ ਗਿਆ। ਚੰਦੂ ਨੇ ਗੁਰੂ ਜੀ ਨੂੰ ਅਸਹਿ ਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕਰ ਦਿਤਾ। ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਮਈ ੩੦, ੧੬੦੬ ਨੂੰ ਜੋਤੀ ਜੋਤ ਸਮਾ ਗਏ ਸਨ। ਜੋਤੀ ਜੋਤ ਸਮਾਉਣ ਤੋਂ ਪਹਿਲਾਂ, ਆਪ ਜੀ ਨੇ ਗੁਰੂ ਹਰਿਗੋਬਿੰਦ ਜੀ ਨੂੰ ਗੁਰ ਗੱਦੀ ਦਿਤੀ।

# ਅਭਿਆਸ

ਦੱਸੋ ਭਲਾ:

੧. ਗੁਰੂ ਅਰਜਨ ਦੇਵ ਜੀ ਦਾ ਜਨਮ ਕਿਥੇ ਹੋਇਆ?

੨. ਗੁਰੂ ਅਰਜਨ ਦੇਵ ਜੀ ਦੇ ਪਿਤਾ ਜੀ ਅਤੇ ਮਾਤਾ ਜੀ ਦਾ ਕੀ ਨਾਮ ਸੀ?

੩. ਗੁਰੂ ਅਰਜਨ ਦੇਵ ਜੀ ਦੀ ਪਤਨੀ ਦਾ ਕੀ ਨਾਮ ਸੀ?

੪. ਗੁਰੂ ਅਰਜਨ ਦੇਵ ਜੀ ਦੇ ਪੁਤਰ ਦਾ ਨਾਮ ਕੀ ਸੀ?

੫. ਗੁਰੂ ਅਰਜਨ ਦੇਵ ਜੀ ਨੂੰ ਕਿਸ ਨੇ ਸ਼ਹੀਦ ਕਰਵਾਇਆ?

ਖਾਲੀ ਥਾਵ ਭਰੋ:

੧. ਗੁਰੂ ਅਰਜਨ ਦੇਵ ਜੀ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਪੀਰ ........................ ਤੋਂ ਰਖਾਈ।
੨. ਗੁਰੂ ਅਰਜਨ ਜੀ ਨੇ ਬਾਣੀ ਇਕੱਠੀ ਕਰਕੇ ਸ੍ਰੀ ........................ ਜੀ ਦੀ ਬੀੜ .......................... ਜੀ ਤੋਂ ਤਿਆਰ ਕਰਵਾਈ।
੩. ਆਦਿ ਗ੍ਰੰਥ ਜੀ ਦੀ ਬੀੜ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰਕੇ .................. ਨੂੰ ਪਹਿਲਾ ਗ੍ਰੰਥੀ ਸਾਜਿਆ।
੪. ਦਵਿਾਨ ਚੰਦੂ ਦੀ ਸਾਜ਼ਿਸ ਨਾਲ ਗੁਰੂ ਅਰਜਨ ਦੇਵ ਜੀ ਨੂੰ ਮੁਗ਼ਲ ਬਾਦਸ਼ਾਹ ..................... ਨੇ ਲਾਹੌਰ ਬੁਲਾਕੇ ਕੈਦ ਕੀਤਾ ਅਤੇ ਜੁਰਮਾਨਾ ਲਾਇਆ।
੫. ........................ ਗੁਰੂ ਅਰਜਨ ਦੇਵ ਜੀ ਮਈ ੩੦, ੧੬੦੬ ਨੂੰ ਜੋਤੀ ਜੋਤ ਸਮਾ ਗਏ ਸਨ।